**ਪ੍ਰੈਸ ਨੋਟ-1**
**1/22455/2020**
ਸੂਚਨਾ ਤੇ ਜਿਲ੍ਹਾ ਲੋਕ ਸੰਪਰਕ ਦਫਤਰ, ਫ਼ਾਜ਼ਿਲਕਾ
ਕਣਕ ਦੀ ਲਿਫਟਿੰਗ ਪ੍ਰਕਿਰਿਆ ਨੂੰ ਸੁਖਾਵੇਂ ਮਾਹੌਲ ’ਚ ਨੇਪਰੇ
ਚੜ੍ਹਾਇਆ ਜਾਵੇ-ਡਿਪਟੀ ਕਮਿਸ਼ਨਰ
*558442 ਮੀਟ੍ਰਿਕ ਟਨ ਕਣਕ ਦੀ ਬੀਤੇ ਦਿਨ ਤੱਕ
ਹੋਈ ਖਰੀਦ-ਜ਼ਿਲ੍ਹਾ ਖ਼ੁਰਾਕ ਸਪਲਾਈ ਅਫ਼ਸਰ
ਫ਼ਾਜ਼ਿਲਕਾ, 6 ਮਈ

ਫ਼ਾਜਿਲਕਾ ਜ਼ਿਲ੍ਹੇ ਵਿਚ ਹੁਣ ਤੱਕ 558442 ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਇਹ ਜਾਣਕਾਰੀ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਦਿੱਤੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਦੀ ਖਰੀਦ ਕੀਤੀ ਫਸਲ ਦੀ ਅਦਾਇਗੀ ਨੂੰ ਸਮਾਂਬੱਧ ਢੰਗ ਨਾਲ ਕਰਨ ਦੇ ਨਿਰੇਦਸ ਦਿੱਤੇ। ਉਨ੍ਹਾਂ ਸਮੂਹ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੀ ਮੰਡੀਆਂ ਵਿਚ ਆਉਣ ਵਾਲੀ ਫਸਲ ਦੀ ਖਰੀਦ ਪ੍ਰਕਿਰਿਆ ਤੋਂ ਬਾਅਦ ਲਿਫਟਿੰਗ ਦੇ ਕੰਮ ਅੰਦਰ ਤੇਜ਼ੀ ਲਿਆਂਦੀ ਜਾਵੇ।

ਜਿਲ੍ਹਾ ਫੂਡ ਸਪਲਾਈ ਕੰਟਰੋਲਰ ਰਾਜ ਰਿਸ਼ੀ ਮਹਿਰਾ ਨੇ ਦੱਸਿਆ ਕਿ ਪਨਗ੍ਰੇਨ ਨੇ ਹੁਣ ਤੱਕ 157168 ਮੀਟ੍ਰਿਕ ਟਨ, ਮਾਰਕਫੈਡ ਨੇ 155222 ਮੀਟ੍ਰਿਕ ਟਨ, ਪਨਸਪ ਨੇ 131266 ਮੀਟ੍ਰਿਕ ਟਨ, ਵੇਅਰ ਹਾਊਸ ਨੇ 79334 ਅਤੇ ਐਫ.ਸੀ.ਆਈ ਨੇ 35452 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਜਦ ਕਿ 430679 ਮੀਟ੍ਰਿਕ ਟਨ ਕਣਕ ਦੀ ਮੰਡੀਆਂ ਵਿਚੋਂ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮੰਡੀਆਂ ਵਿਚ ਆਉਣ ਵਾਲੀ ਫਸਲ ਸੁਖਾਵੇਂ ਮਾਹੌਲ ਵਿੱਚ ਖਰੀਦ ਕੀਤੀ ਜਾ ਰਹੀ ਹੈ।

**ਪ੍ਰੈਸ ਨੋਟ-2**
**1/22512/2020**
ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ
ਜ਼ਿਲ੍ਹਾ ਪ੍ਰਸਾਸਨ ਦੀ ਸੁਚੱਜੀ ਕਾਰਵਾਈ ਤਹਿਤ ਟਿੱਡੀ ਦਲ ਨੂੰ ਸਪਰੇਅ ਕਰਕੇ ਖ਼ਤਮ ਕੀਤਾ
*ਪਿੰਡ ਬਾਰੇਕਾ ਅਤੇ ਰੂਪਨਗਰ ਵਿਖੇ ਟਿੱਡੀ ਦਲ ’ਤੇ ਨਜ਼ਰਸਾਨੀ ਰੱਖਣ ਲਈ ਟੀਮ ਨਿਯੁਕਤ
ਫਾਜ਼ਿਲਕਾ, 6 ਮਈ

ਬੀਤੇ ਦਿਨੀ ਸਬ ਡਵੀਜ਼ਨ ਫ਼ਾਜ਼ਿਲਕਾ ’ਚ ਭਾਰਤ ਪਾਕਿਸਤਾਨ ਸਰਹੱਦ ਨਾਲ ਲੱਗਦੇ ਪਿੰਡ ਬਾਰੇਕਾ ਅਤੇ ਰੂਪਨਗਰ ਵਿਖੇ ਟਿੱਡੀ ਦਲ ਦੇ ਹਮਲੇ ਦੀ ਸੂਚਨਾ ਮਿਲਦਿਆਂ, ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਨੇ ਤੁਰੰਤ ਮੌਕੇ ’ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੰੂ ਜਾਇਜ਼ਾ ਲੈਣ ਲਈ ਭੇਜਿਆ। ਤਹਿਸੀਲਦਾਰ ਪਵਨ ਗੁਲਾਟੀ, ਨਾਇਬ ਤਹਿਸਲੀਦਾਰ ਵਿਜੈ ਬਹਿਲ, ਬਲਾਕ ਖੇਤੀਬਾੜੀ ਅਫ਼ਸਰ ਅਤੇ ਪਟਵਾਰੀ ਰਾਕੇਸ਼ ਕੁਮਾਰ ਦੀ ਅਗਵਾਈ ਵਾਲੀ ਟੀਮ ਨੇ ਟਿੱਡੀਆਂ ’ਤੇ ਕੀਟਨਾਸ਼ਕ ਸਪਰੇਅ ਕਰਵਾਈ। ਇਸ ਮੁਹਿੰਮ ਦੌਰਾਨ ਮਹਿੰਦਰ ਸਿੰਘ ਭੋੋਭੀਆ ਸਾਬਕਾ ਸਰਪੰਚ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੰੂ ਬਣਦਾ ਸਹਿਯੋਗ ਕੀਤਾ।

ਸਮੁੱਚੀ ਟੀਮ ਵੱਲੋਂ 50 ਤੋਂ ਵਧੇਰੇ ਦਰੱਖਤਾ ’ਤੇ ਬੈਠੇ ਟਿੱਡੀ ਦਲ ਨੰੂ ਫਾਇਰ ਬ੍ਰਿਗੇਡ ਦੇੇ ਦੋੋੋ ਇੰਜਨਾਂ ਨਾਲ

ਸਪਰੇਅ ਕਰਕੇ ਸਫਾਇਆ ਕਰ ਦਿੱਤਾ। ਤਹਿਸੀਲਦਾਰ ਗੁਲਾਟੀ ਨੇ ਦੱਸਿਆ ਕਿ ਫਰਵਰੀ ਮਹੀਨੇ ਵਿੱਚ ਵੀ ਟਿੱਡੀ ਦਲ ਨੇ ਕਈ ਵਾਰ ਸਰਹੱਦ ਨੇੜੇ ਪਿੰਡਾਂ ਵਿੱਚ ਫਸਲਾਂ ’ਤੇ ਹਮਲਾ ਕੀਤਾ ਸੀ ਪਰ ਪ੍ਰਸ਼ਾਸਨ ਦੀ ਪਹਿਲਕਦਮੀ ਨਾਲ ਕੀਟਨਾਸ਼ਕ ਸਪਰੇਅ ਕਰਦਿਆਂ ਫਸਲਾਂ ਦੀ ਰਾਖੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਹੁਣ 13 ਅਪ੍ਰੈਲ ਤੋੋਂ ਪਾਕਿਸਤਾਨ ਵਾਲੇ ਪਾਸਿਓ ਤਾਰੋੋਂ ਪਾਰ ਟਿੱਡੀ ਦਲ ਦੇ ਅੰਡਿਆਂ ਤੋੋਂ ਬੱਚੇ ਨਿਕਲ ਕੇ ਬਾਰੇਕਾਂ ਪਿੰਡ ਦੇ ਖੇਤਾਂ ਵਿੱਚ ਪੁੱਜ ਰਹੇ ਸਨ। ਜਿਨ੍ਹਾਂ ’ਤੇ ਹਰ ਰੋੋਜ ਸਪਰੇਅ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਦੋਵੇਂ ਪਿੰਡਾਂ ਅੰਦਰ 5 ਮੈਂਬਰੀ ਟੀਮ ਟਿੱਡੀ ਦਲ ਦੇ ਹਮਲੇ ਤੋਂ ਫਸਲਾਂ ਨੰੂ ਸੁਰੱਖਿਅਤ ਰੱਖਣ ਲਈ ਤਾਇਨਾਤ ਕੀਤੀ ਗਈ ਹੈ, ਜੋ ਹਰ ਸਮੇਂ ਨਜ਼ਰਸਾਨੀ ਰੱਖ ਰਹੀ ਹੈ। ਇਸ ਤੋਂ ਇਲਾਵਾ ਟਿੱਡੀ ਦਲ ਕੰਟਰੋਲ ਸੈਂਟਰ ਸੂਰਤਗੜ੍ਹ ਦੀ ਟੀਮ ਟਿੱਡੀ ਦਲ ਦੇ ਹਮਲੇ ਨੂੰ ਰੋਕਣ ਲਈ ਪਹਿਲਾ ਤੋਂ ਕਾਰਜਸ਼ੀਲ ਹੈ।

**ਪ੍ਰੈਸ ਨੋਟ-3**

**1/22520/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

ਕੋਵਿਡ-19

ਹਰੇਕ ਨਾਕੇ ’ਤੇ ਤਾਇਨਾਤ ਪੁਲਿਸ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ

ਕੋਵਾ ਐਪ ਡਾਊਨਲੋਡ ਕਰਕੇ ਹੋਣ ਰਜਿਸਟਰਡ-ਜ਼ਿਲ੍ਹਾ ਮੈਜਿਸਟਰੇਟ

* ਬਾਹਰਲੇ ਰਾਜਾ ਤੋਂ ਜ਼ਿਲ੍ਹੇ ਵਿਚ ਆਉਣ ਵਾਲੇ ਹਰ ਵਿਅਕਤੀ ਦੇ ਮੋਬਾਈਲ ’ਤੇ ਕੋਵਾ ਐਪ ਡਾਊਨਲੋਡ ਕਰਕੇ ਰਜਿਸਟਰਡ ਕੀਤਾ ਜਾਵੇ

ਫਾਜ਼ਿਲਕਾ, 6 ਮਈ

ਜ਼ਿਲ੍ਹਾ ਮੈਜਿਸਟਰੇਟ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਦੇ ਹਰ ਇਕ ਨਾਕੇ ’ਤੇ ਤਾਇਨਾਤ ਪੁਲਿਸ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਖੁਦ ਕੋਵਾ ਐਪ ਡਾਊਨਲੋਡ ਕਰਕੇ ਬਾਹਰਲੇ ਰਾਜਾ ਤੋਂ ਜ਼ਿਲ੍ਹੇ ਵਿਚ ਆਉਣ ਵਾਲੇ ਹਰ ਵਿਅਕਤੀ ਨੂੰ ਕੋਵਾ ਐਪ ਇੰਸਟਾਲ ਕਰਕੇ ਰਜਿਸਟਰਡ ਕਰਵਾਉਣਗੇ।

ਜਾਰੀ ਹੁਕਮਾਂ ’ਚ ਕਿਹਾ ਕਿ ਹਰ ਇਕ ਨਾਕੇ ’ਤੇ ਪੁਲਿਸ ਵਿਭਾਗ ਦੇ ਅਧਿਕਾਰੀ/ਕਰਮਚਾਰੀ ਪਹਿਲਾਂ ਖੁਦ ਕੋਵਾ ਐਪ ਡਾਊਨਲੋਡ ਕਰਕੇ ਖੁਦ ਨੂੰ ਬਤੌਰ ਅਧਿਕਾਰੀ ਰਜਿਸਟਰਡ ਕਰਨਗੇ। ਰਜਿਸਟਰਡ ਕਰਨ ਤੋਂ ਬਾਅਦ ਅਧਿਕਾਰੀ ਬਾਹਰਲੇ ਰਾਜਾ ਤੋਂ ਜ਼ਿਲ੍ਹੇ ਵਿਚ ਆਉਣ ਵਾਲੇ ਹਰ ਵਿਅਕਤੀ (ਭਾਵੇਂ ਸਰਕਾਰੀ ਵਹੀਕਲ ਤੇ ਹੋਵੇ ਜਾਂ ਗੈਰ ਸਰਕਾਰੀ ਵਹੀਕਲ) ਦੇ ਮੋਬਾਈਲ ’ਤੇ ਕੋਵਾ ਐਪ ਡਾਊਨਲੋਡ ਕਰਕੇ ਹਰ ਵਿਅਕਤੀ ਨੂੰ ਰਜਿਸਟਰਡ ਕਰਵਾਉਣ ਲਈ ਕਾਰਵਾਈ ਕਰਨਗੇ।

ਇਸ ਮੰਤਵ ਨੂੰ ਹੋਰ ਵਧੇਰੇ ਸਫ਼ਲ ਬਣਾਉਣ ਲਈ ਜ਼ਿਲ੍ਹਾ ਸੂਚਨਾ ਅਫਸਰ, ਐਨ.ਆਈ. ਸੀ. ਪ੍ਰਿੰਸ ਗੋਇਲ ਨੂੰ ਬਤੌਰ ਨੋਡਲ ਅਫ਼ਸਰ ਨਿਯੁਕਤ ਕੀਤਾ ਜਾਂਦਾ ਹੈ।

**ਪ੍ਰੈਸ ਨੋਟ-4**

**1/22550/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜਿਲਕਾ

ਫਾਜ਼ਿਲਕਾ ਕੁਆਰਨਟਾਈਨ ਸੈਂਟਰਾਂ ’ਚ ਸਮੇਂ ਸਮੇਂ ਰੋਗਾਣੂ ਨਾਸ਼ਕ ਦਵਾਈ ਦਾ

ਛਿੜਕਾਅ ਲਗਾਤਾਰ ਜਾਰੀ-ਡਿਪਟੀ ਕਮਿਸ਼ਨਰ

*ਕੁਆਰਨਟਾਈਨ ਸੈਂਟਰਾਂ ਦੀ ਸਫ਼ਾਈ ਅਤੇ ਰੋਗਾਣੂ ਮੁਕਤ ਦਵਾਈ ਦੇ ਛਿੜਕਾਅ ਲਈ ਨਗਰ ਕੌਸ਼ਲ ਦੇ ਕਰਮਚਾਰੀ ਕਾਰਜ਼ਸੀਲ-ਨਰੇਸ਼ ਖੇੜਾ

ਫਾਜ਼ਿਲਕਾ, 6 ਮਈ

ਫਾਜ਼ਿਲਕਾ ਵਿਖੇ ਸਥਾਪਤ ਵੱਖ-ਵੱਖ ਕੁਆਰਨਟਾਈਨ ਕੇਂਦਰਾਂ ਵਿਚ ਰੋਗਾਣੂ ਨਾਸ਼ਕ ਦਵਾਈ ਦਾ ਛਿੜਕਾਅ ਕਰਵਾਇਆ ਜਾ ਰਿਹਾ ਹੈ ਤਾਂ ਜੋ ਇੱਥੇ ਰਹਿਣ ਵਾਲੇ ਸ਼ਰਧਾਲੂਆਂ ਅਤੇ ਹੋਰ ਲੋਕਾਂ ਨੂੰ ਕਰੋਨਾ ਵਾਇਰਸ ਦੀ ਲਾਗ ਤੋਂ ਬਚਾਇਆ ਜਾ ਸਕੇ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਮੂਹ ਕਰਚਮਾਰੀ ਸੈਨੇਟਾਈਜਰ ਦਾ ਛਿੜਕਾਅ ਤੇ ਹੋਰ ਸਫਾਈ ਕਾਰਜਾਂ ਵੇਲੇ ਕੁਆਰਟਾਈਨ ਸੈਂਟਰਾਂ ’ਚ ਪੀ.ਪੀ.ਈ ਕਿੱਟਾ ਪਾ ਕੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਹਤ ਸੁਰੱਖਿਆ ਨਾਲ ਸਾਰੇ ਨਿਯਮਾਂ ਦਾ ਪਾਲਣ ਕੀਤਾ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇੰਨ੍ਹਾਂ ਕੇਂਦਰਾਂ ਵਿਚ ਰਹਿ ਰਹੇ ਲੋਕ ਪੂਰੀ ਤਰਾਂ ਸੁਰੱਖਿਅਤ ਅਤੇ ਤੰਦਰੁਸਤ ਰਹਿਣ ਅਤੇ ਆਪਣਾ ਇਕਾਂਤਵਾਸ ਦਾ ਸਮਾਂ ਪੂਰਾ ਕਰਕੇ ਖੁਸ਼ੀ ਨਾਲ ਆਪਣੇ ਘਰਾਂ ਨੰੂ ਪਰਤਣ।

ਨਗਰ ਕੌਸ਼ਲ ਦੇ ਸੈਨਟਰੀ ਇੰਸਪੈਕਟਰ ਸ੍ਰੀ ਨਰੇਸ਼ ਖੇੜਾ ਨੇ ਦੱਸਿਆ ਕਿ ਸ਼ਹਿਰ ਦੀ ਵੱਖ ਵੱਖ ਥਾਵਾਂ ਤੇ ਸਫ਼ਾਈ ਕਾਰਜ਼ਾਂ ਅਤੇ ਸੋਡੀਅਮ ਹਾਈਪੋਕਲੋਰਾਈਡ ਦਾ ਛਿੜਕਾਅ ਸਬੰਧੀ ਮੁਹਿੰਮ ਲਗਾਤਾਰੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਨਾਲ ਫਾਜ਼ਿਲਕਾ ਵਿਖੇ ਸਥਾਪਤ ਕੁਆਰਨਟਾਈਨ ਸੈਂਟਰਾਂ ’ਚ ਵੀ ਰੋਗਾਣੂ ਮੁਕਤ ਦਵਾਈ ਦਾ ਛਿੜਕਾਅ ਕਰਵਾਇਆ ਜਾ ਰਿਹਾ ਹੈ ਅਤੇ ਸਫ਼ਾਈ ਪ੍ਰਬੰਧਾਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੱਛਰਾਂ ਦੀ ਰੋਕਥਾਮ ਲਈ ਕੁਆਰਨਟਾਈਨ ਸੈਂਟਰਾਂ ਵਿਚ ਫੌਗਿੰਗ ਵੀ ਕਰਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਅਤੇ ਲੜਕੇ, ਸ਼ਾਹ ਪੈਲੇਸ, ਰਾਧਾ ਸੁਆਮੀ ਸਤਿਸੰਗ ਡੇਰਾ ਫਿਰੋਜ਼ਪੁਰ ਰੋਡ, ਡੀ.ਸੀ.ਮਾਡਲ ਸਕੂਲ ਅਤੇ ਐਮ.ਆਰ.ਕਾਲਜ ਆਦਿ ਕੁਆਰਨਟਾਈਨ ਸੈਂਟਰਾਂ ਵਿਖੇ ਰੋਗਾਣੂ ਮੁਕਤ ਸਪਰੇਅ ਕਰਵਾਇਆ ਗਿਆ। ਸਫਾਈ ਕਾਰਜਾਂ ਅਤੇ ਸੈਨੇਟਾਈਜਰ ਦੇ ਛਿੜਕਾਅ ਸਮੇਂ ਸਾਡੇ ਸਟਾਫ ਦੀ ਸੁਰੱਖਿਆ ਸਾਡੀ ਵੱਡੀ ਤਰਜੀਹ ਹੁੰਦੀ ਹੈ ਅਤੇ ਵਰਜਿਤ ਖੇਤਰ ਵਿਚ ਜਾਣ ਸਮੇਂ ਸਾਡੇ ਕਰਮਚਾਰੀ ਪੀਪੀਈ ਕਿੱਟ ਪਾ ਕੇ ਜਾਂਦੇ ਹਨ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਉਹ ਅੰਦਰ ਕਿਸੇ ਵੀ ਵਸਤ ਨੂੰ ਛੂਹਣ ਨਾ ਅਤੇ ਨਾ ਹੀ ਅੰਦਰ ਦੇ ਕਿਸੇ ਵਿਅਕਤੀ ਦੇ ਸਿੱਧੇ ਸੰਪਰਕ ਵਿਚ ਆਉਣ।

**ਪ੍ਰੈਸ ਨੋਟ-5**

**1/22574/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਫੌਜ਼ ਵਿੱਚ ਭਰਤੀ ਹੋਣ ਵਾਲੇ ਨੌਜਵਾਨਾਂ ਲਈ ਆਨ-ਲਾਇਨ ਕਲਾਸਾਂ ਦੀ ਸ਼ੁਰੂਆਤ

* ਮੋਬਾਈਲ ਨੰਬਰ 94641-52013 ’ਤੇ ਸੰਪਰਕ ਕਰਕੇ ਰਜਿਸਟਰੇਸ਼ਨ ਕਰਵਾਉਣ ਨੌਜਵਾਨ

ਫ਼ਾਜ਼ਿਕਲਾ, 6 ਮਈ

ਆਰਮੀ ਵਿੱਚ ਭਰਤੀ ਹੋਣ ਦੇ ਚਾਹਵਨ ਨੌਜਵਾਨਾਂ ਲਈ ਸੀ ਪਾਈਟ ਕੈਂਪ ਕਾਲਝਰਾਣੀ ਵੱਲੋਂ ਕੋਵਿਡ-19 ਦੀ ਮਹਾਂਮਾਰੀ ਨੂੰ ਮੱਦੇਨਜ਼ਰ ਰੱਖਦੇ ਹੋਏ ਲਿਖਤੀ ਪੇਪਰ ਦੀ ਤਿਆਰੀ ਲਈ ਆਨ-ਲਾਈਨ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਜਦੋਂ ਹਾਲਾਤ ਠੀਕ ਹੋ ਜਾਣਗੇ ਤਾਂ ਫੋਜ ਦੀ ਭਰਤੀ ਰੈਲੀਆਂ ਸ਼ਾਰਟ ਨੋਟਿਸ ਵਿੱਚ ਸ਼ੁਰੂ ਹੋਣਗੀਆਂ। ਇਹ ਜਾਣਕਾਰੀ ਜਗਜੀਤ ਸਿੰਘ ਕੈਂਪ ਇੰਚਾਰਜ ਸੀ-ਪਾਈਟ ਕਾਲਝਰਾਣੀ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਭਰਤੀ ਹੋਣ ਲਈ ਨੌਜਵਾਨਾਂ ਦੀ ਉਮਰ ਸਾਢੇ 17 ਸਾਲ ਤੋਂ 21 ਸਾਲ ਦੇ ਵਿਚਕਾਰ, ਕੱਦ 170 ਸੈਂਟੀਮੀਟਰ, ਛਾਤੀ 77 ਸੈਂਟੀਮੀਟਰ ਬਿਨਾਂ ਫੁਲਾਏ, 82 ਸੈਂਟੀਮੀਟਰ ਫੁਲਾ ਕੇ ਅਤੇ ਦਸਵੀਂ ਵਿਚੋਂ 45 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਲਿਖਤੀ ਪੇਪਰ ਦੀ ਤਿਆਰੀ ਕਰਨ ਲਈ ਆਨ-ਲਾਈਨ ਕਲਾਸਾਂ ਲਗਾਉਣ ਦੇ ਚਾਹਵਾਨ ਹਨ, ਉਹ ਸ੍ਰੀ ਹਰਮੇਲ ਸਿੰਘ ਦੇ ਮੋਬਾਈਲ ਨੰਬਰ 94641-52013 ’ਤੇ ਸੰਪਰਕ ਕਰਕੇ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਪਹਿਲ ਦੇ ਆਧਾਰ ’ਤੇ ਰਜਿਸਟਰੇਸ਼ਨ ਕਰਵਾ ਕੇ ਪੰਜਾਬ ਸਰਕਾਰ ਦੇ ਉਪਰਾਲੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦੀ ਅਪੀਲ ਕੀਤੀ।